ਉਹ ਇਕ ਨਿੱਜੀ ਪਰਮੇਸ਼ੁਰ ਹੈ ਜੋ ਆਪਣੇ ਸਿਰਜੇ ਹੋਏ ਹਰੇਕ ਜੀਵ ਨਾਲ ਰਿਸ਼ਤਾ ਰੱਖਣਾ ਚਾਹੁੰਦਾ ਹੈ।

ਯਿਸੂ ਮਸੀਹ ‘ਤੇ ਵਿਸ਼ਵਾਸ ਰਾਹੀਂ ਅਸੀਂ ਪਰਮੇਸ਼ੁਰ ਦੇ ਬੱਚੇ ਬਣ ਜਾਂਦੇ ਹਾਂ। ਉਹ ਸਾਡੇ ਨਾਲ ਸੰਗਤ ਕਰਦਾ ਹੈ, ਸਾਡੇ ਅੰਦਰ ਵੱਸਦਾ ਹੈ ਅਤੇ ਸਾਨੂੰ ਅਨੰਤ ਪਿਆਰ ਕਰਦਾ ਹੈ। ਬਾਈਬਲ ਕਹਿੰਦੀ ਹੈ: “ਕਿਉਂਕਿ ਪਰਮੇਸ਼ੁਰ ਨੇ ਸੰਸਾਰ ਨਾਲ ਐਨਾ ਪਿਆਰ ਕੀਤਾ ਕਿ ਉਸਨੇ ਆਪਣੇ ਇਕਲੌਤੇ ਪੁੱਤਰ (ਯਿਸੂ ਮਸੀਹ) ਨੂੰ ਦੇ ਦਿੱਤਾ, ਤਾਂ ਜੋ ਕੋਈ ਉਸ ‘ਤੇ ਵਿਸ਼ਵਾਸ ਕਰੇ, ਉਹ ਨਸ਼ਟ ਨਾ ਹੋਵੇ, ਪਰ ਅਨੰਤ ਜੀਵਨ ਪਾਏ।” (ਯੂਹੰਨਾ 3:16) ਯਿਸੂ ਮਸੀਹ ਬਿਨਾਂ ਕਿਸੇ ਕੀਮਤ ਦੇ ਤੁਹਾਡੇ ਸਾਰੇ ਪਾਪ ਮਾਫ਼ ਕਰਨ ਲਈ ਤਿਆਰ ਹੈ । ਜੇ ਤੁਸੀਂ ਉਸਨੂੰ ਆਪਣੇ ਦਿਲ ਵਿੱਚ ਸੱਦਾ ਦੇਂਦਾ ਹੋ, ਉਹ ਤੁਹਾਨੂੰ ਮਾਫੀ, ਸ਼ਾਂਤੀ, ਅਤੇ ਅਨੰਤ ਜੀਵਨ ਦੀ ਦਾਤ ਦੇਵੇਗਾ।

ਤੁਸੀਂ ਦਿਲ ਤੋਂ ਇਹ ਪ੍ਰਾਥਨਾ ਕਰਕੇ, ਯਿਸ਼ੂ ਨੂੰ ਆਪਣੇ ਜੀਵਨ ਦੇ ਵਿੱਚ ਬੁਲਾ ਸਕਦੇ ਹੋ ।

ਯਿਸੂ, ਕਿਰਪਾ ਕਰਕੇ ਮੇਰੇ ਸਾਰੇ ਪਾਪ ਮਾਫ਼ ਕਰ ਦਿਓ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੇਰੇ ਲਈ ਮਰ ਗਏ। ਮੈਂ ਆਪਣੇ ਦਿਲ ਦਾ ਦਰਵਾਜ਼ਾ ਖੋਲ੍ਹਦਾ ਹਾਂ, ਅਤੇ ਮੈਂ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਸੱਦਾ ਦਿੰਦਾ ਹਾਂ। ਕਿਰਪਾ ਕਰਕੇ ਮੈਨੂੰ ਆਪਣੇ ਪਿਆਰ ਅਤੇ ਪਵਿੱਤਰ ਆਤਮਾ ਨਾਲ ਭਰ ਦਿਓ, ਤੁਹਾਨੂੰ ਜਾਣਨ ਵਿੱਚ ਮੇਰੀ ਮਦਦ ਕਰੋ, ਅਤੇ ਸੱਚਾਈ ਦੇ ਰਾਹ ਵਿੱਚ ਮੇਰੀ ਅਗਵਾਈ ਕਰੋ। ਆਮੀਨ।

© 2022 Activated
To learn more, visit our website at: https://activated.org/en/.




ਉਹ ਇਕ ਨਿੱਜੀ ਪਰਮੇਸ਼ੁਰ ਹੈ ਜੋ ਆਪਣੇ ਸਿਰਜੇ ਹੋਏ ਹਰੇਕ ਜੀਵ ਨਾਲ ਰਿਸ਼ਤਾ ਰੱਖਣਾ ਚਾਹੁੰਦਾ ਹੈ।

ਯਿਸੂ ਮਸੀਹ ‘ਤੇ ਵਿਸ਼ਵਾਸ ਰਾਹੀਂ ਅਸੀਂ ਪਰਮੇਸ਼ੁਰ ਦੇ ਬੱਚੇ ਬਣ ਜਾਂਦੇ ਹਾਂ। ਉਹ ਸਾਡੇ ਨਾਲ ਸੰਗਤ ਕਰਦਾ ਹੈ, ਸਾਡੇ ਅੰਦਰ ਵੱਸਦਾ ਹੈ ਅਤੇ ਸਾਨੂੰ ਅਨੰਤ ਪਿਆਰ ਕਰਦਾ ਹੈ। ਬਾਈਬਲ ਕਹਿੰਦੀ ਹੈ: “ਕਿਉਂਕਿ ਪਰਮੇਸ਼ੁਰ ਨੇ ਸੰਸਾਰ ਨਾਲ ਐਨਾ ਪਿਆਰ ਕੀਤਾ ਕਿ ਉਸਨੇ ਆਪਣੇ ਇਕਲੌਤੇ ਪੁੱਤਰ (ਯਿਸੂ ਮਸੀਹ) ਨੂੰ ਦੇ ਦਿੱਤਾ, ਤਾਂ ਜੋ ਕੋਈ ਉਸ ‘ਤੇ ਵਿਸ਼ਵਾਸ ਕਰੇ, ਉਹ ਨਸ਼ਟ ਨਾ ਹੋਵੇ, ਪਰ ਅਨੰਤ ਜੀਵਨ ਪਾਏ।” (ਯੂਹੰਨਾ 3:16) ਯਿਸੂ ਮਸੀਹ ਬਿਨਾਂ ਕਿਸੇ ਕੀਮਤ ਦੇ ਤੁਹਾਡੇ ਸਾਰੇ ਪਾਪ ਮਾਫ਼ ਕਰਨ ਲਈ ਤਿਆਰ ਹੈ । ਜੇ ਤੁਸੀਂ ਉਸਨੂੰ ਆਪਣੇ ਦਿਲ ਵਿੱਚ ਸੱਦਾ ਦੇਂਦਾ ਹੋ, ਉਹ ਤੁਹਾਨੂੰ ਮਾਫੀ, ਸ਼ਾਂਤੀ, ਅਤੇ ਅਨੰਤ ਜੀਵਨ ਦੀ ਦਾਤ ਦੇਵੇਗਾ।

ਤੁਸੀਂ ਦਿਲ ਤੋਂ ਇਹ ਪ੍ਰਾਥਨਾ ਕਰਕੇ, ਯਿਸ਼ੂ ਨੂੰ ਆਪਣੇ ਜੀਵਨ ਦੇ ਵਿੱਚ ਬੁਲਾ ਸਕਦੇ ਹੋ ।

ਯਿਸੂ, ਕਿਰਪਾ ਕਰਕੇ ਮੇਰੇ ਸਾਰੇ ਪਾਪ ਮਾਫ਼ ਕਰ ਦਿਓ। ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੇਰੇ ਲਈ ਮਰ ਗਏ। ਮੈਂ ਆਪਣੇ ਦਿਲ ਦਾ ਦਰਵਾਜ਼ਾ ਖੋਲ੍ਹਦਾ ਹਾਂ, ਅਤੇ ਮੈਂ ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਸੱਦਾ ਦਿੰਦਾ ਹਾਂ। ਕਿਰਪਾ ਕਰਕੇ ਮੈਨੂੰ ਆਪਣੇ ਪਿਆਰ ਅਤੇ ਪਵਿੱਤਰ ਆਤਮਾ ਨਾਲ ਭਰ ਦਿਓ, ਤੁਹਾਨੂੰ ਜਾਣਨ ਵਿੱਚ ਮੇਰੀ ਮਦਦ ਕਰੋ, ਅਤੇ ਸੱਚਾਈ ਦੇ ਰਾਹ ਵਿੱਚ ਮੇਰੀ ਅਗਵਾਈ ਕਰੋ। ਆਮੀਨ।

© 2022 Activated
To learn more, visit our website at: https://activated.org/en/.



ਜ਼ਿੰਦਗੀ ਦਾ ਅਸਲ ਮਕਸਦ ਕੀ ਹੈ? ਮੈਂ ਇੱਥੇ ਕਿਉਂ ਹਾਂ? ਕੀ ਮੇਰੇ ਲਈ ਕੋਈ ਮਕਸਦ ਜਾਂ ਯੋਜਨਾ ਹੈ? ਜੇ ਹੈ, ਤਾਂ ਉਹ ਕੀ ਹੈ? ਇਹੋ ਜਿਹ ਸਵਾਲ ਇਨਸਾਨੀ ਆਤਮਾ ਨੂੰ ਸਦੀਆਂ ਤੋਂ ਝੰਝੋੜਦੇ ਆ ਰਹੇ ਹਨ। ਚਾਹੇ ਕੋਈ ਵੀ ਹੋਵੇ—ਚਾਹੇ ਕਿਸ ਵੀ ਕੌਮ, ਜਾਤ, ਧਰਮ ਜਾਂ ਸਮਾਜਿਕ ਦਰਜੇ ਤੋਂ ਹੋਵੇ—ਹਰ ਇਕ ਮਨੁੱਖ ਆਪਣੇ ਦਿਲ ਵਿੱਚ ਇਹੀ ਲੋੜ ਮਹਿਸੂਸ ਕਰਦਾ ਹੈ: ਅਸਲ ਸੱਚ, ਜੀਵਨ ਦਾ ਮਤਲਬ, ਪਿਆਰ, ਖੁਸ਼ੀ ਅਤੇ ਮਨ ਦੀ ਸ਼ਾਂਤੀ।

ਅੱਜ ਦੀ ਇਹ ਤੇਜ਼ੀ ਨਾਲ ਬਦਲ ਰਹੀ, ਉਲਝਣ ਭਰੀ ਅਤੇ ਤੇਜ਼ ਰਫ਼ਤਾਰ ਦੁਨੀਆਂ ਵਿੱਚ,ਅਨੇਕਾਂ ਲੋਕ ਇਕ ਦੌੜ ਵਿੱਚ ਫ਼ਸੇ ਹੋਏ ਹਨ, ਕਾਮਯਾਬ ਹੋਣ ਦੀ ਜਾਂ ਸਿਰਫ਼ ਜੀਵਨ ਚਲਾਉਣ ਦੀ। ਇਸ ਦੁਨੀਆਵੀ ਹੜ੍ਹ ਵਿਚ, ਬਹੁਤੇ ਲੋਕਾਂ ਕੋਲ ਇਹ ਸੋਚਣ ਦਾ ਵੀ ਸਮਾਂ ਨਹੀਂ ਕਿ: “ਮੇਰੀ ਜ਼ਿੰਦਗੀ ਦਾ ਅਸਲ ਮਕਸਦ ਕੀ ਹੈ?” “ਮੇਰੀ ਆਤਮਾ ਦਾ ਅੰਤਿਮ ਠਿਕਾਣਾ ਕਿੱਥੇ ਹੈ?”

ਪਰ ਸਾਲਾਂ ਬੀਤਣ ਦੇ ਨਾਲ, ਲੋਕ ਅਕਸਰ ਪਾਉਂਦੇ ਹਨ ਕਿ ਜੀਵਨ ਦੀਆਂ ਜ਼ਿੰਮੇਵਾਰੀਆਂ ਅਤੇ ਹਰ ਇਕ ਕੰਮ ਨੂੰ ਪੂਰਾ ਕਰਨ ਦੀ ਦੌੜ ਨੇ ਉਨ੍ਹਾਂ ਦੇ ਅੰਦਰ ਸ਼ਾਂਤੀ ਜਾਂ ਸੰਤੋਖ ਦੀ ਥਾਂ ਤਣਾਅ ਅਤੇ ਚਿੰਤਾ ਭਰ ਦਿੱਤੀ ਹੈ। ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵੀ ਅਕਸਰ ਇਸ ਦਾ ਸ਼ਿਕਾਰ ਹੋ ਜਾਂਦੀ ਹੈ, ਕਿਉਂਕਿ ਉਹ ਆਪਣੇ ਪਰਿਵਾਰ ਜਾਂ ਮਿੱਤਰਾਂ ਨਾਲ ਸਮਾਂ ਬਿਤਾਉਣ ਜਾਂ ਸਥਿਰ ਰਿਸ਼ਤੇ ਬਣਾਉਣ ਲਈ ਸਮਾਂ ਨਹੀਂ ਕੱਢ ਸਕਦੇ।

ਇਹ ਸੰਸਾਰ ਅਤੇ ਇਸ ਦੀਆਂ ਸੰਸਾਰੀ ਚੀਜਾਂ ਤਾਂ ਪਲ ਭਰ ਦੀਆਂ ਖੁਸ਼ੀਆਂ ਕਦੇ ਵੀ ਜੀਵਨ ਦੇ ਵੱਡੇ ਸਵਾਲਾਂ ਦਾ ਜਵਾਬ ਨਹੀਂ ਦੇ ਸਕਦੀਆਂ। ਸਰੀਰਕ ਚੀਜ਼ਾਂ ਕੁਝ ਸਮੇਂ ਲਈ ਤਾਂ ਮਨ ਨੂੰ ਰਾਜੀ ਕਰ ਸਕਦੀਆਂ ਹਨ, ਪਰ ਇਹ ਰੂਹ ਦੀ ਉਸ ਅਨੰਤ ਤਲਪ ਨੂੰ ਕਦੇ ਵੀ ਪੂਰਾ ਨਹੀਂ ਕਰ ਸਕਦੀਆਂ ਜੋ ਸੱਚਾਈ, ਮਕਸਦ ਤੇ ਅਸਲ ਮਾਇਨੇ ਲਈ ਤਰਸਦੀ ਰਹਿੰਦੀ ਹੈ।

ਜਦੋਂ ਕੋਈ ਨਿੱਜੀ ਸੰਕਟ ਜਾਂ ਤ੍ਰਾਸਦੀ ਆ ਵੱਜਦੀ ਹੈ — ਅਚਾਨਕ ਹਾਦਸਾ, ਘਾਤਕ ਬੀਮਾਰੀ, ਪਰਿਵਾਰ ਵਿੱਚ ਮੌਤ ਜਾਂ ਕਿਸ ਵੀ ਕਿਸਮ ਦਾ ਵੱਡਾ ਨੁਕਸਾਨ — ਤਾਂ ਇਸ ਸੰਸਾਰ ਦੀਆਂ ਸਾਰੀਆਂ ਉਪਲਬਧੀਆਂ ਅਤੇ ਧਨ-ਦੌਲਤ ਉਮੀਦ ਲਿਆਉਣ ਜਾਂ ਦੁੱਖ ਨੂੰ ਭੁਲਾਉਣ ਵਿੱਚ ਬਹੁਤ ਥੋੜ੍ਹੀ ਮਦਦ ਕਰ ਸਕਦੀਆਂ ਹਨ। ਅਜਿਹ ਪਲਾਂ ਵਿੱਚ ਹੀ ਅਕਸਰ ਮਨੁੱਖ ਨੂੰ ਇਹ ਅਸਲੀਅਤ ਸਮਝ ਆਉਂਦੀ ਹੈ ਕਿ ਜੀਵਨ ਦੀ ਸਚੀ ਕੀਮਤ ਪਿਆਰ, ਮਕਸਦ ਅਤੇ ਅਨੰਤ ਮੰਜ਼ਿਲ ਵਿੱਚ ਹੈ — ਨਾ ਕਿ ਇਸ ਦੁਨੀਆ ਦੇ ਨਾਸ਼ਵਾਨ ਸਾਧਨਾਂ ਵਿੱਚ।

ਬਾਈਬਲ ਸਾਨੂੰ ਇਹ ਪਰਗਟ ਕਰਦੀ ਹੈ ਕਿ ਪਰਮੇਸ਼ੁਰ ਇਕ ਅਜਿਹਾ ਪਿਆਰ ਕਰਨ ਵਾਲਾ ਪਿਤਾ ਹੈ, ਜੋ ਸਾਨੂੰ ਸਿਰਫ਼ ਇਕ ਭਾਗ ਦੇ ਤੌਰ ਤੇ ਨਹੀਂ, ਪਰ ਵਿਅਕਤੀਗਤ ਤੌਰ ‘ਤੇ ਜਾਣਦਾ ਅਤੇ ਪਿਆਰ ਕਰਦਾ ਹੈ। ਉਸਨੇ ਇਹ ਅਸਧਾਰਣ ਤੇ ਸੁੰਦਰ ਸੰਸਾਰ ਸਾਡੇ ਆਲੇ-ਦੁਆਲੇ ਵਿੱਚ ਜੋ ਕੁਝ ਵੀ ਹੈ — ਨੀਲਾ ਆਕਾਸ਼, ਚਮਕਦੇ ਤਾਰੇ , ਹਰੇ-ਭਰੇ ਪਹਾੜ, ਤੇ ਹਰੇਕ ਜੀਵ — ਇਹ ਸਭ ਰੋਜ਼ ਪਰਮੇਸ਼ੁਰ ਦੇ ਜੀਉਂਦੇ ਹੋਣ ਅਤੇ ਉਸ ਦੇ ਪਿਆਰ ਦੀ ਗਵਾਹੀ ਦਿੰਦੇ ਹਨ।

ਜਦੋਂ ਤੁਸੀ ਕਿਸ ਸਾਫ਼ ਰਾਤ ਨੂੰ ਅਕਾਸ਼ ਵੱਲ ਨਿਗਾਹ ਮਾਰਦਾ ਹੋ — ਜਿੱਥੇ ਤਾਰਿਆਂ ਦੀ ਚਮਕ, ਗ੍ਰਹਿਆਂ ਦੀ ਗਤੀ, ਅਤੇ ਬ੍ਰਹਿਮੰਡ ਦੇ ਅਦਭੁਤ ਨਜ਼ਾਰੇ ਮਨ ਮੋਹ ਲੈਂਦੇ ਹਨ — ਤਾਂ ਇਹ ਸਭ ਕੁਝ ਇਕ ਆਵਾਜ਼ ਵਿਚ ਪੁਕਾਰਦਾ ਹੈ: “ਇੱਕ ਪਰਮੇਸ਼ੁਰ ਹੈ! ਦੇਖੋ, ਇਹ ਸਭ ਅਦਭੁਤ ਕੰਮ ਉਸਦੇ ਹਨ!” ਸਾਰੀ ਸ੍ਰਿਸ਼ਟੀ ਹਰ ਪਲ ਪਰਮੇਸ਼ੁਰ ਦੀ ਮੌਜੂਦਗੀ, ਉਸ ਦੀ ਸ਼ਕਤੀ ਅਤੇ ਮਹਿਮਾ ਦੀ ਗਵਾਹੀ ਦੇ ਰਹੀ ਹੈ, ਇਹ ਸੁੰਦਰ ਦੁਨੀਆ, ਜੋ ਉਨ੍ਹਾਂ ਨੇ ਸਾਨੂੰ ਜੀਵਨ ਵਾਸਤੇ ਦਿੱਤੀ, ਉਸ ਦੇ ਪਿਆਰ, ਚਿੰਤਾ ਅਤੇ ਸਨੇਹ ਦੀ ਵੀ ਜੀਵੰਤ ਗਵਾਹੀ ਹੈ।

ਪਰਮੇਸ਼ੁਰ, ਜੋ ਸਰਬਸ਼ਕਤੀਮਾਨ ਅਤੇ ਸਰਬਸ੍ਰਿਜਨਹਾਰ ਹੈ, ਉਹੀ ਇੱਕ ਹੈ ਜੋ ਸਾਰੇ ਬ੍ਰਹਿਮੰਡ ਨੂੰ ਅਰਥ ਦੇਂਦਾ ਹੈ, ਗ੍ਰਹਿਆਂ ਨੂੰ ਮਕਸਦ ਬਖ਼ਸ਼ਦਾ ਹੈ, ਸਾਡੇ ਦਿਲਾਂ ਵਿੱਚ ਪਿਆਰ ਪੈਦਾ ਕਰਦਾ ਹੈ, ਮਨਾਂ ਵਿੱਚ ਸ਼ਾਂਤੀ ਲਿਆਉਂਦਾ ਹੈ, ਸਰੀਰ ਨੂੰ ਚੰਗੀ ਤੰਦਰੁਸਤੀ ਦਿੰਦਾ ਹੈ, ਆਤਮਾਵਾਂ ਨੂੰ ਆਰਾਮ ਦਿੰਦਾ ਹੈ, ਅਤੇ ਸਾਡੀਆਂ ਰੂਹਾਂ ਵਿੱਚ ਅਨੰਦ ਭਰਦਾ ਹੈ।ਉਹ ਕੋਈ ਦੂਰਲਾ ਤੇ ਅਣਜਾਣ ਰੱਬ ਨਹੀਂ, ਬਲਕਿ ਉਹ ਸਾਡੇ ਕੋਲ ਨੇੜੇ ਹੈ।

ਜ਼ਿੰਦਗੀ ਦਾ ਅਸਲ ਮਕਸਦ ਕੀ ਹੈ? ਮੈਂ ਇੱਥੇ ਕਿਉਂ ਹਾਂ? ਕੀ ਮੇਰੇ ਲਈ ਕੋਈ ਮਕਸਦ ਜਾਂ ਯੋਜਨਾ ਹੈ? ਜੇ ਹੈ, ਤਾਂ ਉਹ ਕੀ ਹੈ? ਇਹੋ ਜਿਹ ਸਵਾਲ ਇਨਸਾਨੀ ਆਤਮਾ ਨੂੰ ਸਦੀਆਂ ਤੋਂ ਝੰਝੋੜਦੇ ਆ ਰਹੇ ਹਨ। ਚਾਹੇ ਕੋਈ ਵੀ ਹੋਵੇ—ਚਾਹੇ ਕਿਸ ਵੀ ਕੌਮ, ਜਾਤ, ਧਰਮ ਜਾਂ ਸਮਾਜਿਕ ਦਰਜੇ ਤੋਂ ਹੋਵੇ—ਹਰ ਇਕ ਮਨੁੱਖ ਆਪਣੇ ਦਿਲ ਵਿੱਚ ਇਹੀ ਲੋੜ ਮਹਿਸੂਸ ਕਰਦਾ ਹੈ: ਅਸਲ ਸੱਚ, ਜੀਵਨ ਦਾ ਮਤਲਬ, ਪਿਆਰ, ਖੁਸ਼ੀ ਅਤੇ ਮਨ ਦੀ ਸ਼ਾਂਤੀ।

ਅੱਜ ਦੀ ਇਹ ਤੇਜ਼ੀ ਨਾਲ ਬਦਲ ਰਹੀ, ਉਲਝਣ ਭਰੀ ਅਤੇ ਤੇਜ਼ ਰਫ਼ਤਾਰ ਦੁਨੀਆਂ ਵਿੱਚ,ਅਨੇਕਾਂ ਲੋਕ ਇਕ ਦੌੜ ਵਿੱਚ ਫ਼ਸੇ ਹੋਏ ਹਨ, ਕਾਮਯਾਬ ਹੋਣ ਦੀ ਜਾਂ ਸਿਰਫ਼ ਜੀਵਨ ਚਲਾਉਣ ਦੀ। ਇਸ ਦੁਨੀਆਵੀ ਹੜ੍ਹ ਵਿਚ, ਬਹੁਤੇ ਲੋਕਾਂ ਕੋਲ ਇਹ ਸੋਚਣ ਦਾ ਵੀ ਸਮਾਂ ਨਹੀਂ ਕਿ: “ਮੇਰੀ ਜ਼ਿੰਦਗੀ ਦਾ ਅਸਲ ਮਕਸਦ ਕੀ ਹੈ?” “ਮੇਰੀ ਆਤਮਾ ਦਾ ਅੰਤਿਮ ਠਿਕਾਣਾ ਕਿੱਥੇ ਹੈ?”

ਪਰ ਸਾਲਾਂ ਬੀਤਣ ਦੇ ਨਾਲ, ਲੋਕ ਅਕਸਰ ਪਾਉਂਦੇ ਹਨ ਕਿ ਜੀਵਨ ਦੀਆਂ ਜ਼ਿੰਮੇਵਾਰੀਆਂ ਅਤੇ ਹਰ ਇਕ ਕੰਮ ਨੂੰ ਪੂਰਾ ਕਰਨ ਦੀ ਦੌੜ ਨੇ ਉਨ੍ਹਾਂ ਦੇ ਅੰਦਰ ਸ਼ਾਂਤੀ ਜਾਂ ਸੰਤੋਖ ਦੀ ਥਾਂ ਤਣਾਅ ਅਤੇ ਚਿੰਤਾ ਭਰ ਦਿੱਤੀ ਹੈ। ਉਨ੍ਹਾਂ ਦੀ ਨਿੱਜੀ ਜ਼ਿੰਦਗੀ ਵੀ ਅਕਸਰ ਇਸ ਦਾ ਸ਼ਿਕਾਰ ਹੋ ਜਾਂਦੀ ਹੈ, ਕਿਉਂਕਿ ਉਹ ਆਪਣੇ ਪਰਿਵਾਰ ਜਾਂ ਮਿੱਤਰਾਂ ਨਾਲ ਸਮਾਂ ਬਿਤਾਉਣ ਜਾਂ ਸਥਿਰ ਰਿਸ਼ਤੇ ਬਣਾਉਣ ਲਈ ਸਮਾਂ ਨਹੀਂ ਕੱਢ ਸਕਦੇ।

ਇਹ ਸੰਸਾਰ ਅਤੇ ਇਸ ਦੀਆਂ ਸੰਸਾਰੀ ਚੀਜਾਂ ਤਾਂ ਪਲ ਭਰ ਦੀਆਂ ਖੁਸ਼ੀਆਂ ਕਦੇ ਵੀ ਜੀਵਨ ਦੇ ਵੱਡੇ ਸਵਾਲਾਂ ਦਾ ਜਵਾਬ ਨਹੀਂ ਦੇ ਸਕਦੀਆਂ। ਸਰੀਰਕ ਚੀਜ਼ਾਂ ਕੁਝ ਸਮੇਂ ਲਈ ਤਾਂ ਮਨ ਨੂੰ ਰਾਜੀ ਕਰ ਸਕਦੀਆਂ ਹਨ, ਪਰ ਇਹ ਰੂਹ ਦੀ ਉਸ ਅਨੰਤ ਤਲਪ ਨੂੰ ਕਦੇ ਵੀ ਪੂਰਾ ਨਹੀਂ ਕਰ ਸਕਦੀਆਂ ਜੋ ਸੱਚਾਈ, ਮਕਸਦ ਤੇ ਅਸਲ ਮਾਇਨੇ ਲਈ ਤਰਸਦੀ ਰਹਿੰਦੀ ਹੈ।

ਜਦੋਂ ਕੋਈ ਨਿੱਜੀ ਸੰਕਟ ਜਾਂ ਤ੍ਰਾਸਦੀ ਆ ਵੱਜਦੀ ਹੈ — ਅਚਾਨਕ ਹਾਦਸਾ, ਘਾਤਕ ਬੀਮਾਰੀ, ਪਰਿਵਾਰ ਵਿੱਚ ਮੌਤ ਜਾਂ ਕਿਸ ਵੀ ਕਿਸਮ ਦਾ ਵੱਡਾ ਨੁਕਸਾਨ — ਤਾਂ ਇਸ ਸੰਸਾਰ ਦੀਆਂ ਸਾਰੀਆਂ ਉਪਲਬਧੀਆਂ ਅਤੇ ਧਨ-ਦੌਲਤ ਉਮੀਦ ਲਿਆਉਣ ਜਾਂ ਦੁੱਖ ਨੂੰ ਭੁਲਾਉਣ ਵਿੱਚ ਬਹੁਤ ਥੋੜ੍ਹੀ ਮਦਦ ਕਰ ਸਕਦੀਆਂ ਹਨ। ਅਜਿਹ ਪਲਾਂ ਵਿੱਚ ਹੀ ਅਕਸਰ ਮਨੁੱਖ ਨੂੰ ਇਹ ਅਸਲੀਅਤ ਸਮਝ ਆਉਂਦੀ ਹੈ ਕਿ ਜੀਵਨ ਦੀ ਸਚੀ ਕੀਮਤ ਪਿਆਰ, ਮਕਸਦ ਅਤੇ ਅਨੰਤ ਮੰਜ਼ਿਲ ਵਿੱਚ ਹੈ — ਨਾ ਕਿ ਇਸ ਦੁਨੀਆ ਦੇ ਨਾਸ਼ਵਾਨ ਸਾਧਨਾਂ ਵਿੱਚ।

ਬਾਈਬਲ ਸਾਨੂੰ ਇਹ ਪਰਗਟ ਕਰਦੀ ਹੈ ਕਿ ਪਰਮੇਸ਼ੁਰ ਇਕ ਅਜਿਹਾ ਪਿਆਰ ਕਰਨ ਵਾਲਾ ਪਿਤਾ ਹੈ, ਜੋ ਸਾਨੂੰ ਸਿਰਫ਼ ਇਕ ਭਾਗ ਦੇ ਤੌਰ ਤੇ ਨਹੀਂ, ਪਰ ਵਿਅਕਤੀਗਤ ਤੌਰ ‘ਤੇ ਜਾਣਦਾ ਅਤੇ ਪਿਆਰ ਕਰਦਾ ਹੈ। ਉਸਨੇ ਇਹ ਅਸਧਾਰਣ ਤੇ ਸੁੰਦਰ ਸੰਸਾਰ ਸਾਡੇ ਆਲੇ-ਦੁਆਲੇ ਵਿੱਚ ਜੋ ਕੁਝ ਵੀ ਹੈ — ਨੀਲਾ ਆਕਾਸ਼, ਚਮਕਦੇ ਤਾਰੇ , ਹਰੇ-ਭਰੇ ਪਹਾੜ, ਤੇ ਹਰੇਕ ਜੀਵ — ਇਹ ਸਭ ਰੋਜ਼ ਪਰਮੇਸ਼ੁਰ ਦੇ ਜੀਉਂਦੇ ਹੋਣ ਅਤੇ ਉਸ ਦੇ ਪਿਆਰ ਦੀ ਗਵਾਹੀ ਦਿੰਦੇ ਹਨ।

ਜਦੋਂ ਤੁਸੀ ਕਿਸ ਸਾਫ਼ ਰਾਤ ਨੂੰ ਅਕਾਸ਼ ਵੱਲ ਨਿਗਾਹ ਮਾਰਦਾ ਹੋ — ਜਿੱਥੇ ਤਾਰਿਆਂ ਦੀ ਚਮਕ, ਗ੍ਰਹਿਆਂ ਦੀ ਗਤੀ, ਅਤੇ ਬ੍ਰਹਿਮੰਡ ਦੇ ਅਦਭੁਤ ਨਜ਼ਾਰੇ ਮਨ ਮੋਹ ਲੈਂਦੇ ਹਨ — ਤਾਂ ਇਹ ਸਭ ਕੁਝ ਇਕ ਆਵਾਜ਼ ਵਿਚ ਪੁਕਾਰਦਾ ਹੈ: “ਇੱਕ ਪਰਮੇਸ਼ੁਰ ਹੈ! ਦੇਖੋ, ਇਹ ਸਭ ਅਦਭੁਤ ਕੰਮ ਉਸਦੇ ਹਨ!” ਸਾਰੀ ਸ੍ਰਿਸ਼ਟੀ ਹਰ ਪਲ ਪਰਮੇਸ਼ੁਰ ਦੀ ਮੌਜੂਦਗੀ, ਉਸ ਦੀ ਸ਼ਕਤੀ ਅਤੇ ਮਹਿਮਾ ਦੀ ਗਵਾਹੀ ਦੇ ਰਹੀ ਹੈ, ਇਹ ਸੁੰਦਰ ਦੁਨੀਆ, ਜੋ ਉਨ੍ਹਾਂ ਨੇ ਸਾਨੂੰ ਜੀਵਨ ਵਾਸਤੇ ਦਿੱਤੀ, ਉਸ ਦੇ ਪਿਆਰ, ਚਿੰਤਾ ਅਤੇ ਸਨੇਹ ਦੀ ਵੀ ਜੀਵੰਤ ਗਵਾਹੀ ਹੈ।

ਪਰਮੇਸ਼ੁਰ, ਜੋ ਸਰਬਸ਼ਕਤੀਮਾਨ ਅਤੇ ਸਰਬਸ੍ਰਿਜਨਹਾਰ ਹੈ, ਉਹੀ ਇੱਕ ਹੈ ਜੋ ਸਾਰੇ ਬ੍ਰਹਿਮੰਡ ਨੂੰ ਅਰਥ ਦੇਂਦਾ ਹੈ, ਗ੍ਰਹਿਆਂ ਨੂੰ ਮਕਸਦ ਬਖ਼ਸ਼ਦਾ ਹੈ, ਸਾਡੇ ਦਿਲਾਂ ਵਿੱਚ ਪਿਆਰ ਪੈਦਾ ਕਰਦਾ ਹੈ, ਮਨਾਂ ਵਿੱਚ ਸ਼ਾਂਤੀ ਲਿਆਉਂਦਾ ਹੈ, ਸਰੀਰ ਨੂੰ ਚੰਗੀ ਤੰਦਰੁਸਤੀ ਦਿੰਦਾ ਹੈ, ਆਤਮਾਵਾਂ ਨੂੰ ਆਰਾਮ ਦਿੰਦਾ ਹੈ, ਅਤੇ ਸਾਡੀਆਂ ਰੂਹਾਂ ਵਿੱਚ ਅਨੰਦ ਭਰਦਾ ਹੈ।ਉਹ ਕੋਈ ਦੂਰਲਾ ਤੇ ਅਣਜਾਣ ਰੱਬ ਨਹੀਂ, ਬਲਕਿ ਉਹ ਸਾਡੇ ਕੋਲ ਨੇੜੇ ਹੈ।